# ਸੰਵਾਦ

ISSN : 2395-1273

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

ਛਿਮਾਹੀ ਖੋਜ ਰਸਾਲਾ

ਜਨਵਰੀ-ਜੂਨ 2025

ਅੰਕ-21ਵਾਂ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ

ਪ੍ਰਿੰਸੀਪਲ (ਕਾਰਜਕਾਰੀ)

ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

| **Patron :** | **Chief Editor:** |
|---|---|
| ***Dr. A. K. Kahlon*** | ***Dr. Atam Singh Randhawa*** |
| **+91 98724-56833** | **+91 98722-17273** |
| **ISSN : 2395-1273** | **January-June 2025** |



**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ

❐ **ਸੰਪਾਦਕੀ** 5

❐ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❐ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❐ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❐ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❐ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❐ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❐ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❐ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❐ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❐ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❐ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❒ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❒ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❒ **ਗਾਇਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❒ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❒ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❒ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❒ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❒ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ**
**ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❒ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ


**ਪੁਸਤਕ ਰੀਵਿਊ :**


- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ


◈



ISSN : 2395-1273

# ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ




**ਡਾ. ਪਰਮਜੀਤ ਕੌਰ ਸਿੱਧੂ**

ਐਸੋਸੀਏਟ ਪ੍ਰੋਫ਼ੈਸਰ, ਸਕੂਲ ਆਫ਼ ਪੰਜਾਬੀ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
✆ 95883 50571


ਆਧੁਨਿਕਤਾ ਦਾ ਸੰਕਲਪ ਉਦਯੋਗੀਕਰਨ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ, ਜਿਸਦਾ ਆਰੰਭ ਪੱਛਮ ਵਿਚ ਸਤਾਰਵੀਂ ਅਠਾਰਵੀਂ ਸਦੀ ਵਿਚ ਸ਼ਹਿਰੀ ਸਭਿਅਤਾ ਅਤੇ ਸਨਅਤੀ ਯੁੱਗ ਦੀ ਸਥਾਪਤੀ ਨਾਲ ਹੋਇਆ। ਉੱਨਤ ਪੈਦਾਵਰੀ ਸਾਧਨਾਂ, ਤਕਨਾਲੋਜੀ, ਵਿਗਿਆਨਕ ਪ੍ਰਗਤੀ ਅਤੇ ਨਵੀਂ ਵਿੱਦਿਆ ਪ੍ਰਣਾਲੀ ਨੇ ਮਨੁੱਖੀ ਸੋਚ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਕਿ ਮਨੁੱਖ ਨੇ ਤਰਕ ਵਿਤਰਕ ਅਤੇ ਵਿਗਿਆਨਕ ਸੋਝੀ ਨਾਲ ਉਹਨਾਂ ਪਰੰਪਰਾਗਤ ਕਦਰਾਂ-ਕੀਮਤਾਂ, ਧਾਰਮਿਕ ਵਿਸ਼ਵਾਸਾਂ, ਨੈਤਿਕ ਮੁੱਲਾਂ ਆਦਿ ਨੂੰ ਜੋ ਮਨੁੱਖ ਦੀਆਂ ਭਾਵੁਕ, ਬੌਧਿਕ ਅਤੇ ਸੰਸਕ੍ਰਿਤਕ ਲੋੜਾਂ ਦੇ ਅਨੁਸਾਰੀ ਨਹੀਂ ਸਨ, ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ। ਵਿਗਿਆਨ ਅਤੇ ਤਰਕ ਦੁਆਰਾ ਨਿਰਧਾਰਤ ਇਹ ਗਿਆਨ ਹੀ ਜੀਵਨ ਨੂੰ ਸੇਧ ਦੇਣ ਵਾਲਾ ਅਤੇ ਸਭਿਅਕ ਮੰਨਿਆ ਜਾਣ ਲੱਗਾ। ਇਸੇ ਸਮੇਂ ਪ੍ਰਕਿਰਤੀ ਅਤੇ ਮਨੁੱਖ ਦੇ ਆਪਸੀ ਸਬੰਧਾਂ ਦੀ ਨਵੇਂ ਸਿਰਿਓਂ ਵਿਉਂਤਬੰਦੀ ਦੀ ਅਵੱਸ਼ਕਤਾ ਮਹਿਸੂਸ ਹੋਣ ਲੱਗੀ। ਭਾਰਤ ਵਿਚ ਇਸਦਾ ਪ੍ਰਭਾਵ ਅੰਗਰੇਜ਼ਾਂ ਦੀ ਆਮਦ ਨਾਲ ਸ਼ੁਰੂ ਹੁੰਦਾ ਹੈ। ਉੱਨਤ ਸਾਮਰਾਜ ਨਾਲ ਵਾਹ ਪੈਣ ਨਾਲ, ਆਧੁਨਿਕ ਸਨਅਤ ਦੇ ਵਿਕਾਸ, ਰੇਲ, ਡਾਕ, ਤਾਰ ਤੇ ਆਵਾਜਾਈ ਦੇ ਸਾਧਨਾਂ ਦੇ ਵਿਕਾਸ ਅਤੇ ਪੰਜਾਬ ਦੀ ਖੇਤੀ ਦਾ ਸੰਸਾਰ ਮੰਡੀ ਨਾਲ ਜੁੜਨ ਕਰਕੇ ਸਮੁੱਚੀ ਜੀਵਨ ਸ਼ੈਲੀ ਵਿਚ ਪਰਿਵਰਤਨ ਆਉਣ ਲੱਗਿਆ। ਪੱਛਮੀ ਢੰਗ ਦੀ ਸਿੱਖਿਆ ਪ੍ਰਣਾਲੀ ਅਤੇ ਛਾਪੇਖਾਨੇ ਦੀ ਹੋਂਦ ਨਾਲ ਸਾਹਿਤਕ ਦ੍ਰਿਸ਼ ਬਦਲਨ ਲੱਗੇ। ਇਨ੍ਹਾਂ ਸਾਰੀਆਂ ਤਬਦੀਲੀਆਂ ਦੇ ਨਾਲ ਮੱਧਕਾਲੀ ਸ਼ਰਧਾ ਭਾਵਨਾ ਵਾਲੀ ਚੇਤਨਾ ਤਿੜਕਣ ਲੱਗੀ।

ਵੀਹਵੀਂ ਸਦੀ ਦੌਰਾਨ ਭਾਰਤ ਵਿਚ ਹੀ ਨਹੀਂ ਸਗੋਂ ਵਿਸ਼ਵ ਪੱਧਰ ’ਤੇ ਕੁਝ ਅਜਿਹੀਆਂ ਘਟਨਾਵਾਂ ਅਤੇ ਪਰਿਵਰਤਨ ਵਾਪਰੇ ਜਿਹਨਾਂ ਨੇ ਸਮੁੱਚੇ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਘਟਨਾਵਾਂ ਵਿਚ ਦੋ ਵਿਸ਼ਵ ਯੁੱਧ, ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਸਮਾਜਵਾਦੀ ਕੈਂਪ ਦਾ ਉਭਾਰ ਅਤੇ 1980 ਵਿਆਂ ਵਿਚ ਸਮਾਜਵਾਦੀ ਕੈਂਪ ਰੂਸ ਦੇ ਵਿਖੰਡਿਤ ਹੋਣ ਤੋਂ ਬਾਅਦ ਸੰਸਾਰ ਤਾਕਤਾਂ ਦਾ ਇਕ ਧਰੁਵੀਕਰਣ ਮਹੱਤਵਪੂਰਨ ਘਟਨਾਵਾਂ ਸਨ। ਇਸੇ ਸਦੀ ਵਿਚ ਬਸਤੀਵਾਦ ਵਿਰੁੱਧ ਸੰਘਰਸ਼ ਤੇਜ ਹੋਏ ਅਤੇ ਭਾਰਤ ਸਮੇਤ ਕਈ ਮੁਲਕਾਂ ਨੇ ਗੁਲਾਮੀ ਤੋਂ ਰਾਹਤ ਪਾਈ। ਵੀਹਵੀਂ ਸਦੀ ਦੇ ਅਖੀਰ ਵਿਚ ਸਾਮਰਾਜਵਾਦੀ ਕੈਂਪ ਦੇ ਉਭਾਰ ਸਦਕਾ ਅਖੀਰਲੇ ਦਹਾਕਿਆਂ ਵਿਚ ਵਿਸ਼ਵੀਕਰਨ, ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦਾ ਵਰਤਾਰਾ ਸਾਹਮਣੇ ਆਇਆ। ਇਹ ਹਾਲਾਤ ਉਤਰ ਆਧੁਨਿਕਤਾਵਾਦੀ ਸੋਚ ਦੇ ਪਾਸਾਰ ਲਈ ਮਹੱਤਵਪੂਰਨ ਕਾਰਨ ਬਣੇ। ਉਤਰ-ਆਧੁਨਿਕਤਾਵਾਦ (Postmoderinsm) ਨਵੇਂ ਯੁੱਗ ਦੀਆਂ ਨਵੀਆਂ ਪ੍ਰਸਿਥਿਤੀਆਂ ਨੂੰ ਸਮਝਣ, ਸਮਝਾਉਣ ਲਈ ਨਵੇਂ ਚਿੰਤਨ ਵਜੋਂ ਹੋਂਦ ਵਿਚ ਆਇਆ ਵਾਦ ਹੈ।

> ਉਤਰ ਆਧੁਨਿਕ ਇਲੈਕਟ੍ਰਾਨਿਕ ਮੀਡੀਆ ਅਤੇ ਸੂਚਨਾ ਕ੍ਰਾਂਤੀ ਦੇ ਸਿੱਟੇ ਵਜੋਂ ਹੋਂਦ ਵਿਚ ਆਈ ਸਮਾਜਕ, ਆਰਥਿਕ, ਸਭਿਆਚਾਰਕ ਅਵਸਥਾ ਹੈ, ਜਿਸਨੂੰ ਡੇਨੀਅਲ ਬੈਲ ਉਤਰ-ਉਦਯੋਗਿਕ ਸਮਾਜ ਦਾ ਨਾਂ ਦਿੰਦਾ ਹੈ।[1]

ਇਸ ਸ਼ਬਦ ਦੀ ਸਭ ਤੋਂ ਪਹਿਲਾਂ ਵਰਤੋਂ ਆਰਨਾਲਡ ਟਾਇਨਬੀ ਨੇ 1920 ਈ. ਵਿਚ ਕੀਤੀ। ਪੰਜਾਬੀ ਸ਼ਬਦ ਸਭਿਆਚਾਰ ਵਿਚ ਉਤਰ-ਆਧੁਨਿਕਤਾ ਦਾ ਆਰੰਭ 1950ਵਿਆਂ ਤੋਂ ਹੋਇਆ ਮੰਨਿਆ ਜਾਂਦਾ ਹੈ। ਲਿਉਤਾਰਦ ਨੇ ਵੀ ਉਤਰ-ਆਧੁਨਿਕਤਾ ਨੂੰ ਪੱਛਮੀ ਸਮਾਜਾਂ ਦੀ 1950 ਤੋਂ ਬਾਅਦ ਵਾਲੀ ਸਥਿਤੀ ਨਾਲ ਜੋੜਿਆ ਹੈ। ਇਸ ਯੁੱਗ ਵਿਚ ਅਜਿਹੀ ਵਿਚਾਰਧਾਰਾ ਉਭਰ ਕੇ ਸਾਹਮਣੇ ਆਈ ਜੋ ਪਰੰਪਰਾ ਵਿਚ ਪ੍ਰਾਪਤ ਸਮੁੱਚੇ ਸੰਕਲਪਾਂ ਅਤੇ ਵਿਆਖਿਆਵਾਂ, ਭਾਵੇਂ ਉਹ ਸੱਚ, ਤਰਕ, ਮੁਕਤੀ, ਬ੍ਰਹਿਮੰਡੀ ਵਿਕਾਸ ਅਤੇ ਪਛਾਣ ਨਾਲ ਸਬੰਧਿਤ ਹੋਣ ਨੂੰ ਅਸਵੀਕਾਰ ਕਰਦੀ ਹੋਈ ਇਨ੍ਹਾਂ ਸੰਕਲਪਾਂ ਦੇ ਬਹੁਪੱਖੀ ਪੱਖਾਂ ਨੂੰ ਸਾਹਮਣੇ ਲਿਆਉਣ ਲਈ ਯਤਨਸ਼ੀਲ ਹੈ, ਜੋ ਅਸਥਿਰ, ਅਨਿਸ਼ਚਤ ਆਦਿ ਕਿਸਮ ਦੇ ਹਨ। ਉਤਰ-ਆਧੁਨਿਕਤਾ ਉਹਨਾਂ ਸਾਰੇ ਨੇਮਾਂ ਦੇ

ਵਿਰੁੱਧ ਆਵਾਜ਼ ਉਠਾਉਂਦੀ ਹੈ, ਜੋ ਸਮੁੱਚੇ ਵਿਸ਼ਵ ਨੂੰ ਇਕ ਨਿਯਮ ਵਿਚ ਬੰਨ੍ਹਦੇ ਹਨ। ਇਸ ਯੁੱਗ ਵਿਚ ਵੱਡੀ ਤਬਦੀਲੀ ਸੂਚਨਾ ਤਕਨਾਲੋਜੀ ਦੇ ਵਿਕਾਸ ਨਾਲ ਵਾਪਰਦੀ ਹੈ। ਵਿਗਿਆਨਕ ਤਰੱਕੀ ਨੇ ਮਨੁੱਖ ਦੀ ਸਰੀਰਕ ਸ਼ਕਤੀ ਵਿਚ ਵਾਧਾ ਕੀਤਾ ਪਰ ਨਵੇਂ ਯੁੱਗ ਦੀ ਤਕਨਾਲੋਜੀ ਅਤੇ ਕੰਪਿਊਟਰੀਕਰਨ ਨੇ ਮਨੁੱਖ ਦੀ ਸਰੀਰਕ ਸ਼ਕਤੀ ਨਾਲੋਂ ਬੌਧਿਕ ਸਮਰੱਥਾ ਵਿਚ ਵਧੇਰੇ ਵਾਧਾ ਕੀਤਾ ਹੈ, ਜਿਸ ਨਾਲ ਮਨੁੱਖ ਦੀ ਸਮੁੱਚੀ ਸੋਚ-ਪ੍ਰਨਾਲੀ ਵਿਚ ਤਬਦੀਲੀ ਆਈ ਹੈ। ਇਸ ਤਬਦੀਲੀ ਦੇ ਸਦਕਾ ਮਨੁੱਖ ਦੇ ਰਹਿਣ-ਸਹਿਣ, ਖਾਣ-ਪੀਣ, ਸਮਾਜਕ ਅਤੇ ਸਭਿਆਚਾਰਕ ਚੌਗਿਰਦੇ ਵਿਚ ਵੀ ਪਰਿਵਰਤਨ ਆਇਆ ਹੈ।

> ਪਿਛਲੇ ਸਾਰੇ ਯੁੱਗ ਸਮੇਤ ਆਧੁਨਿਕ ਯੁੱਗ ਦੇ ਵਿਚ ਮਨੁੱਖ ਦੀ ਵਧੇਰੇ ਕੋਸ਼ਿਸ਼ ਸੰਦਾਂ ਦੁਆਰਾ ਸਰੀਰਿਕ ਸ਼ਕਤੀ ਵਧਾਉਣ ਦੀ ਸੀ ਜਦੋਂ ਕਿ ਉਤਰ-ਆਧੁਨਿਕ ਯੁੱਗ ਮਨੁੱਖ ਦੀ ਸੰਦਾਂ ਦੁਆਰਾ ਮਾਨਸਿਕ ਸ਼ਕਤੀ ਨੂੰ ਵਧਾਉਣ ਦਾ ਯੁੱਗ ਹੈ। ਇਹੀ ਇਸਦੀ ਖਾਸੀਅਤ ਹੈ ਅਤੇ ਬਾਕੀ ਖਾਸੀਅਤਾਂ ਇਸੇ ਉਪਰ ਅਧਾਰਿਤ ਹਨ।[2]

ਇਸ ਵਿਸ਼ਵ ਵਿਆਪੀ ਵਰਤਾਰੇ ਦੇ ਵਾਪਰਨ ਨਾਲ ਵਿਸ਼ਵ ਭਰ ਦੇ ਸਮਾਜ, ਸਭਿਆਚਾਰ ਦੀ ਤਸਵੀਰ ਬਦਲਣੀ ਸ਼ੁਰੂ ਹੋ ਗਈ। ਇਸ ਪਰਿਵਰਤਨ ਦੀ ਚਾਲ ਵੱਖੋ-ਵੱਖਰੇ ਭੂਗੋਲਿਕ ਖਿੱਤਿਆਂ ਵਿਚ ਵੱਖੋ-ਵੱਖਰੀ ਹੋ ਸਕਦੀ ਹੈ ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਹ ਪਰਿਵਰਤਨ ਸਰਵ-ਵਿਆਪਕ ਹੈ। ਸਮਾਜ ਵਿਚ ਉਭਰ ਰਹੀ ਇਸ ਨਵੀਂ ਵਿਚਾਰਧਾਰਾ ਨੇ ਸਾਹਿਤ ਅਤੇ ਸਾਹਿਤ ਆਲੋਚਨਾ ਨੂੰ ਵੀ ਆਪਣੇ ਪ੍ਰਭਾਵ ਹੇਠ ਲਿਆ ਹੈ। ਜਿਸ ਤਰ੍ਹਾਂ ਆਧੁਨਿਕ ਦੌਰ ਵਿਚ ਸਾਹਿਤ ਦੇ ਪ੍ਰਯੋਜਨ, ਪ੍ਰਕਿਰਤੀ ਅਤੇ ਰੂਪਾਂ ਆਦਿ ਨੂੰ ਵਿਚਾਰਧਾਰਕ ਲੋੜਾਂ ਅਨੁਸਾਰ ਮੁੜ ਪ੍ਰਭਾਸ਼ਿਤ ਕੀਤਾ ਗਿਆ, ਉਸੇ ਤਰ੍ਹਾਂ ਹੀ ਉਤਰ-ਆਧੁਨਿਕ ਯੁੱਗ ਵਿਚ ਪਰੰਪਰਿਕ ਵਿਚਾਰਧਾਰਕ ਗੁਲਾਮੀ ਤੋਂ ਸਾਹਿਤ ਨੂੰ ਮੁਕਤ ਕਰਵਾਉਣ ਲਈ ਇਸਨੂੰ ਪੁਨਰ-ਪ੍ਰਭਾਸ਼ਿਤ ਕੀਤਾ ਹੈ। ਆਧੁਨਿਕ ਸਾਹਿਤ ਕਿਸੇ ਇਕ ਕਾਲ-ਖੰਡ, ਕਿਸੇ ਇਕ ਭਾਸ਼ਾ ਜਾਂ ਕਿਸੇ ਇਕ ਵਿਸ਼ੇਸ਼ ਸਾਹਿਤਕ ਰਚਨਾ ਨੂੰ ਕੇਂਦਰ ਵਿਚ ਰੱਖਦਾ ਸੀ, ਇਸਦੇ ਉਲਟ ਉਤਰ-ਆਧੁਨਿਕ ਸਾਹਿਤ ਵਿਚ ਸਿਰਜਣਾ ਪੱਖੋਂ ਤਬਦੀਲੀ ਇਹ ਉਭਰਵੀਂ ਪ੍ਰਤੀਤ ਹੁੰਦੀ ਹੈ ਕਿ ਇਹ ਸਾਹਿਤ ਵੱਖਰੇ-ਵੱਖਰੇ ਭੂਗੋਲਿਕ ਖਿੱਤਿਆਂ, ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਅਤੇ ਭਿੰਨ-ਭਿੰਨ ਸਾਹਿਤ ਰੂਪਾਂ ਦੀ ਨਿਸ਼ਾਨਦੇਹੀ ਕਰਦਾ ਹੈ। ਭਾਵ ਇਸ ਸਮੇਂ ਸਾਹਿਤਕ ਵਿਧਾਵਾਂ ਉੱਪਰ ਬਣੀਆਂ ਹੋਈਆਂ ਹੱਦ-ਬੰਦੀਆਂ ਟੁੱਟਣੀਆਂ ਆਰੰਭ ਹੋ ਜਾਂਦੀਆਂ ਹਨ ਅਤੇ ਖੰਡਿਤ ਬਿਰਤਾਂਤ ਦੀ ਪ੍ਰਧਾਨਤਾ ਹੋ ਜਾਂਦੀ ਹੈ। ਵਰਤਮਾਨ ਵਿਚ ਸਿਰਜੇ ਜਾ ਰਹੇ ਬਿਰਤਾਂਤ ਦੀਆਂ ਪ੍ਰਮੁੱਖ ਵਿਸ਼ੇਸਤਾਈਆਂ ਗ਼ੈਰ-ਤਰਤੀਬਬੱਧਤਾ, ਖੰਡਿਤਤਾ, ਅਸਪੱਸ਼ਟਤਾ, ਆਪਹੁਦਰਾਪਣ, ਅਕੇਂਦਰਤਾ ਹਨ। ਇਸ ਦੌਰ ਦੀ ਪ੍ਰਾਪਤੀ ਇਹ ਵੀ ਹੈ ਕਿ ਚਿਰਾਂ ਤੋਂ ਹਾਸ਼ੀਏ 'ਤੇ ਪਏ ਹਾਸ਼ੀਆਗਤ ਵਰਗ ਦੀਆਂ ਰਚਨਾਵਾਂ ਨੂੰ ਦੂਸਰੇ ਸਾਹਿਤ ਦੇ ਸਮਾਨਾਂਤਰ ਮਾਨਤਾ ਮਿਲਣੀ ਆਰੰਭ ਹੋਈ ਹੈ। "ਉਤਰ-ਆਧੁਨਿਕਵਾਦ ਨੇ ਕਬੀਲਿਆ ਦੇ ਲੋਕ-ਸਾਹਿਤ, ਕਾਲਿਆਂ ਦੇ ਸਾਹਿਤ ਅਤੇ ਪੂਰਬੀ ਸਾਹਿਤ ਨੂੰ ਮਾਨਤਾ ਦਿੱਤੀ ਹੈ ਅਤੇ ਉਨ੍ਹਾਂ ਨੂੰ ਆਪਣੇ ਸੰਦਰਭਾਂ ਵਿਚ ਪਛਾਣਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਇੰਜ ਸਮਾਂਤਰ ਸਾਹਿਤ ਸਿਰਜਣਾ ਸੰਭਵ ਹੋਈ। ਇਸ ਪ੍ਰਕਾਰ ਉਤਰ-ਆਧੁਨਿਕਤਾ ਨੇ ਆਧੁਨਿਕਤਾ ਦੇ ਮੁਕਾਬਲੇ ਕਿਸੇ ਇਕੋ ਕਿਸਮ ਦੇ ਵਿਸ਼ਵ-ਵਿਆਪੀ ਸਰਬ-ਸਾਂਝੇ ਕਲਿਆਣਕਾਰੀ ਮੁਕਤੀ ਵੱਲ ਲੈ ਜਾਣ ਵਾਲੇ ਸਦਾ-ਸਦਾ ਸਥਿਰ, ਸਦਾ ਮੰਗਲਮਈ ਉਤਕ੍ਰਿਸ਼ਟ, ਉੱਚ-ਸ਼੍ਰੇਣੀਆਂ ਦੇ ਵਿਸ਼ੇਸ਼ੀਕ੍ਰਿਤ ਸਾਹਿਤ ਦੀ ਥਾਂ ਵੰਨ-ਸੁਵੰਨੇ ਸਥਾਨਕ ਸਰੋਕਾਰਾਂ ਨਾਲ ਲਬਰੇਜ਼ ਜਾਤੀ/ਜਮਾਤੀ/ਸਮਾਜਕ ਸਮੂਹ ਦੇ ਹਿੱਤ ਵਾਲੇ ਪਲ ਪਲ ਬਦਲਣ ਵਾਲੇ ਆਮ ਲੋਕਾਂ ਦੇ ਸਾਧਾਰਨ ਸਮਝੇ ਜਾਂਦੇ ਸਾਹਿਤ ਨੂੰ ਸਾਹਿਤ ਮੰਨਿਆ।[3]

ਇਸੇ ਤਰ੍ਹਾਂ 20ਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਕੁਝ ਨਵੇਂ ਸਮਾਜਕ ਸਮੂਹ ਆਪਣੀ ਵਿਲੱਖਣਤਾ ਕਾਇਮ ਕਰਨ ਵੱਲ ਅਗ੍ਰਸਰ ਹੋਏ, ਜਿਨ੍ਹਾਂ ਵਿਚ ਦਲਿਤ, ਪ੍ਰਵਾਸੀ ਅਤੇ ਨਾਰੀ ਪ੍ਰਮੁੱਖ ਹਨ। ਮੇਰੇ ਇਸ ਪੇਪਰ ਦਾ ਵਿਸ਼ਾ ਨਾਰੀਵਾਦੀ ਸਾਹਿਤ ਦੇ ਉਤਰ ਆਧੁਨਿਕ ਦੌਰ ਵਿਚ ਬਦਲ ਰਹੇ ਪਰਿਪੇਖ ਨੂੰ ਪੰਜਾਬੀ ਕਹਾਣੀ ਦੇ ਹਵਾਲੇ ਨਾਲ ਵਾਚਣਾ ਹੈ। ਨਾਰੀਵਾਦ ਔਰਤਾਂ ਨਾਲ ਕੀਤੇ ਜਾਂਦੇ ਲਿੰਗਕ ਵਿਤਕਰੇ ਦਾ ਵਿਰੋਧ ਕਰਨ ਵਾਲਾ ਸਿਧਾਂਤ ਹੈ। ਇਹ ਔਰਤਾਂ ਨੂੰ ਆਪਣੇ ਹੱਕਾਂ ਅਤੇ ਅਸਤਿਤਵ ਪ੍ਰਤੀ ਸੁਚੇਤ ਕਰਦਾ ਹੋਇਆ ਆਪਣੀ ਸਥਿਤੀ ਨੂੰ ਸੁਧਾਰਨ ਲਈ ਜਾਗਰੂਕ ਕਰਦਾ ਹੈ। ਨਾਰੀਵਾਦ ਸਦੀਆਂ ਤੋਂ ਹਾਸ਼ੀਏ 'ਤੇ ਰਹਿ ਰਹੀ ਨਾਰੀ ਨੂੰ ਮਰਦ ਦੇ ਸਮਾਨ ਰਾਜਨੀਤਿਕ, ਸਮਾਜਕ ਅਤੇ ਆਰਥਿਕ ਅਧਿਕਾਰ ਦਿਵਾਉਣਾ ਚਾਹੁੰਦਾ ਹੈ, ਕਿਉਂਕਿ ਮਨੁੱਖੀ ਸਮਾਜ ਦੀ ਅੱਧੀ ਆਬਾਦੀ ਹੋਣ ਕਰਕੇ ਨਾਰੀ ਨੂੰ ਸੁਤੰਤਰਤਾ ਤੇ ਸਮਾਨਤਾ ਪ੍ਰਾਪਤ ਕਰਨ ਦਾ ਮਰਦ ਜਿੰਨਾ ਹੀ ਅਧਿਕਾਰ ਹੈ। ਨਾਰੀਵਾਦ ਉਹਨਾਂ ਸਾਰੇ ਅਤਿਆਚਾਰਾਂ, ਦਮਨ, ਸ਼ੋਸ਼ਣ ਦਾ ਵਿਰੋਧ ਕਰਦਾ ਹੈ ਜੋ


www.sanvad.org
ISSN : 2395-1273

ਔਰਤ ਦੀ ਪਹਿਚਾਣ ਨੂੰ ਬੇਪਹਿਚਾਣ ਕਰਨ ਲਈ ਜ਼ਿੰਮੇਵਾਰ ਹਨ। ਡਾ. ਧਨਵੰਤ ਕੌਰ ਨਾਰੀਵਾਦ ਦੇ ਮੂਲ ਖਾਸੇ ਨੂੰ ਪਹਿਚਾਣਦਿਆਂ ਲਿਖਦੀ ਹੈ-

> ਨਾਰੀਵਾਦ ਇਕ ਬੌਧਿਕ ਰਾਜਨੀਤਕ ਲਹਿਰ ਵਜੋਂ ਉਭਰੀ ਤੇ ਬੜੀ ਦ੍ਰਿੜਤਾ ਨਾਲ ਇਹ ਸਥਾਪਿਤ ਕਰਨ ਵਾਲੀ ਹੋਈ ਕਿ ਔਰਤ ਦੀ ਅਧੀਨਗੀ ਦਾ ਕੇਂਦਰੀ ਧੁਰਾ ਲਿੰਗ ਵਿਤਕਰਾ ਹੈ ਜਿਸ ਨੇ ਸਾਰੀਆਂ ਸਮਾਜਕ, ਮਾਨਸਿਕ, ਬੇਤਰਤੀਬੀਆਂ ਨੂੰ ਜਨਮ ਦਿੱਤਾ।[4]

ਨਾਰੀਵਾਦ ਇਕ ਰਾਜਨੀਤਕ ਸੰਕਲਪ ਹੈ ਜੋ ਸ਼ਕਤੀ ਦੇ ਸਬੰਧਾਂ, ਔਰਤਾਂ ਦੀਆਂ ਡੂੰਘੀਆਂ ਸਥਿਤੀਆਂ ਨੂੰ ਬਦਲਣ ਨਾਲ ਸਬੰਧਿਤ ਹੈ। ਮੋਟੇ ਤੌਰ 'ਤੇ ਨਾਰੀਵਾਦ ਦਾ ਮੰਤਵ ਨਾਰੀ ਨੂੰ ਸਮਾਜਕ ਪ੍ਰਾਣੀ ਵਜੋਂ ਪਹਿਚਾਣ ਹਾਸਿਲ ਕਰਵਾਉਣਾ ਹੈ। ਨਾਰੀਵਾਦੀ ਚਿੰਤਕਾਂ ਅਨੁਸਾਰ ਔਰਤਾਂ ਨੂੰ ਆਪਣੀਆਂ ਯੋਗਤਾਵਾਂ ਤੇ ਸਮਰੱਥਾਵਾਂ ਦੇ ਵਿਕਾਸ ਲਈ ਸੁਤੰਤਰਤਾ ਹੋਣੀ ਚਾਹੀਦੀ ਹੈ ਤਾਂ ਕਿ ਮਰਦ ਵਾਂਗ ਔਰਤਾਂ ਵੀ ਪੂਰਨ ਤੌਰ 'ਤੇ ਵਿਕਾਸ ਕਰਨ ਦੇ ਕਾਬਿਲ ਹੋ ਸਕਣ।

ਦੂਸਰੇ ਪੜਾਅ ਦੇ ਨਾਰੀਵਾਦ ਨੇ ਰੈਡੀਕਲ ਰੂਪ ਅਖ਼ਤਿਆਰ ਕਰ ਲਿਆ ਅਤੇ ਸਮਾਜ-ਵਿਰੋਧੀ ਪ੍ਰਤੀਕਿਰਿਆ ਆਰੰਭ ਹੋ ਗਈ, ਜੋ ਸਮਾਜ ਲਈ ਸੰਕਟਗ੍ਰਸਤ ਸਿੱਧ ਹੋਈ। ਇਹ ਲਹਿਰ ਆਪਣੇ ਸਿਧਾਂਤਕ ਮੁੱਦਿਆ ਨੂੰ ਪਿੱਛੇ ਛੱਡ ਕੇ ਮਰਦ ਵਿਰੋਧੀ ਸੁਰ ਤਿੱਖੀ ਕਰ ਲੈਂਦੀ ਹੈ, ਜਿਸਦਾ ਅਸਰ ਇਹ ਹੋਇਆ ਕਿ ਔਰਤਾਂ ਆਪਣੀ ਬੱਚੇ ਪੈਦਾ ਕਰਨ ਦੀ ਸਿਰਜਣਾਤਮਕ ਵਿਸ਼ੇਸਤਾ ਦੇ ਬਾਵਜੂਦ ਦੇਹ ਨੂੰ ਘਿਰਣਾ ਵਜੋਂ ਲੈਂਦੀਆਂ ਹੋਈਆਂ ਮਰਦ ਵਾਂਗ ਵਿਹਾਰ ਕਰਨਾ ਅਤੇ ਪਹਿਨਣਾ ਪਚਰਨਾ ਸ਼ੁਰੂ ਕਰ ਦਿੰਦੀਆਂ ਹਨ। ਅਜਿਹੀਆਂ ਧਾਰਨਾਵਾਂ ਦੇ ਆਉਣ ਨਾਲ ਨਾਰੀਵਾਦ ਅਸਲ ਮੁੱਦਿਆਂ ਤੋਂ ਪਾਸੇ ਚਲਾ ਗਿਆ। ਨਾਰੀਵਾਦ ਦੇ ਪ੍ਰਤੀ-ਉਤਰ ਵਜੋਂ ਉਤਰ ਨਾਰੀਵਾਦ ਹੋਂਦ ਵਿਚ ਆਉਣ ਲੱਗਾ। ਇਸ ਬਾਰੇ ਡਾ. ਸੁਰਜੀਤ ਸਿੰਘ ਭੱਟੀ ਦੇ ਵਿਚਾਰ ਹਨ :

> ਹਾਲਾਤ ਅਤੇ ਚਿੰਤਨ ਇੰਨੀ ਤੇਜ਼ੀ ਨਾਲ ਬਦਲਣ ਲੱਗ ਪਏ ਹਨ ਕਿ 'ਨਾਰੀਵਾਦ' ਜੋ ਇਕ ਸਾਹਿਤ-ਸਿਧਾਂਤ ਵਜੋਂ 1960 ਤੋਂ ਬਾਅਦ ਆਪਣੇ ਆਪ ਨੂੰ ਸਾਹਿਤ-ਆਲੋਚਨਾ ਦੇ ਖੇਤਰ ਵਿਚ ਸਥਾਪਿਤ ਕਰਦਾ ਹੈ। 1980 ਤੋਂ ਬਾਅਦ ਪੱਛਮ ਉਤਰ ਨਾਰੀਵਾਦ ਭਾਵ Post-Feminism ਦੀ ਗੱਲ ਵੀ ਕਈ ਪੜਾ ਅੱਗੇ ਲੰਘ ਗਈ ਹੈ।[5]

ਉਤਰ ਨਾਰੀਵਾਦ ਮੁੱਢਲੇ ਨਾਰੀਵਾਦ ਤੋਂ ਵਿੱਥ ਸਥਾਪਿਤ ਕਰਦਾ ਹੋਇਆ ਬਹੁ-ਦਿਸ਼ਾਵੀ ਵਿਚਾਰਧਾਰਾ ਨੂੰ ਸਵੀਕਾਰ ਕਰਦਾ ਹੈ। ਉਤਰ ਨਾਰੀਵਾਦੀ ਚਿੰਤਕਾਂ ਅਨੁਸਾਰ ਵੱਖਰੇ-ਵੱਖਰੇ ਸਮਾਜ ਸਭਿਆਚਾਰ ਵਿਚ ਔਰਤਾਂ ਦੀ ਸਥਿਤੀ ਇਕੋ ਜਿਹੀ ਨਹੀਂ ਹੋ ਸਕਦੀ, ਇਸ ਕਰਕੇ ਨਾਰੀਵਾਦ ਦੇ ਮਾਡਲ ਹਰ ਸਾਮਾਜ ਵਿਚ ਉਸੇ ਰੂਪ ਵਿਚ ਲਾਗੂ ਨਹੀਂ ਕੀਤੇ ਜਾ ਸਕਦੇ। ਉਤਰ ਨਾਰੀਵਾਦੀ ਦੌਰ ਵਿਚ ਔਰਤਾਂ ਆਰਥਿਕ, ਸਮਾਜਕ, ਰਾਜਨੀਤਕ ਖੇਤਰਾਂ ਵਿਚ ਭਾਗੀਦਾਰੀ ਨਿਭਾਉਂਦੀਆਂ ਵਿਸ਼ੇਸ਼ ਯੋਗਤਾਂ ਦੀਆਂ ਧਾਰਨੀ ਹੋ ਜਾਂਦੀਆਂ ਹਨ। ਇਸ ਪੜਾਅ 'ਤੇ ਵੱਖੇਰੇਵਾਂ ਉਸਦੀ ਪਹਿਚਾਣ ਸਿੱਧ ਹੁੰਦਾ ਹੈ। ਅਸਤਿਤਵ ਪਹਿਚਾਣ ਪ੍ਰਤੀ ਚੇਤੰਨ ਹੋ ਕੇ ਉਹ ਹੁਣ ਮਰਦ ਵਰਗਾ ਨਹੀਂ ਔਰਤ ਵਰਗਾ ਹੋਣਾ ਚਾਹੁੰਦੀ ਹੈ। ਇਸ ਦੌਰ ਵਿਚ ਜੈਂਡਰ ਸਿਧਾਂਤ ਵੀ ਆਪਣੇ ਨਵੇਂ ਅਰਥਾਂ ਨੂੰ ਗ੍ਰਹਿਣ ਕਰਦਾ ਹੈ। ਔਰਤ ਮਰਦ ਦੇ ਸਾਵੇਂ ਸਬੰਧ, ਪਿਤਰੀ ਸੱਤਾ ਦੀਆਂ ਬਣਾਈਆਂ ਸੀਮਾਵਾਂ ਨੂੰ ਤੋੜਨਾ, ਜਣਨ ਪ੍ਰਕਿਰਿਆ ਆਦਿ ਸਰੋਕਾਰ ਉਤਰ ਨਾਰੀਵਾਦ ਦਾ ਵਿਸ਼ਾ ਬਣ ਰਹੇ ਹਨ, ਜਿਨ੍ਹਾਂ ਬਾਰੇ ਅਸੀਂ ਸਮਕਾਲੀ ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਚਰਚਾ ਕਰਾਂਗੇ।

ਵਰਤਮਾਨ ਦੌਰ ਕਾਰਪੋਰੇਟ ਪੂੰਜੀਵਾਦ ਦਾ ਦੌਰ ਹੈ। ਪੂੰਜੀਵਾਦੀ ਸਮਾਜ ਵਿਚ ਔਰਤ ਵਧੇਰੇ ਸਮਰੱਥਾਵਾਨ, ਚੇਤੰਨ ਤੇ ਆਪਣੇ ਹੱਕਾਂ ਪ੍ਰਤੀ ਸੰਘਰਸ਼ ਕਰਦੀ ਹੈ। ਇਸ ਯੁੱਗ ਵਿਚ ਉਹਨਾਂ ਪਰੰਪਰਾਗਤ ਵਿਚਾਰਾਂ/ਰੂੜੀਆਂ ਨੂੰ ਢਾਹ ਲੱਗੀ ਹੈ, ਜੋ ਔਰਤਾਂ ਨੂੰ ਮਰਦਾਵੀਂ ਸੱਤਾ ਦੇ ਗ਼ਲਬੇ ਹੇਠ ਲਿਆਉਣ ਵਿਚ ਕਾਰਜਸ਼ੀਲ ਰਹੀਆਂ ਸਨ। ਮੁੱਢਲੇ ਪੜਾਅ ਦੀ ਪੰਜਾਬੀ ਕਹਾਣੀ ਵਿਚ ਪੇਸ਼ ਹੋਈ ਨਾਰੀ ਪਿੱਤਰੀ ਸਮਾਜ ਦੀਆਂ ਵਲਗਣਾਂ ਵਿਚ ਜਕੜੀ ਹੋਈ ਸੀ। ਅੰਮ੍ਰਿਤਾ ਪ੍ਰੀਤਮ ਆਪਣੀ ਕਹਾਣੀ ਵਿਚ ਔਰਤ ਦਾ ਰੁਮਾਂਟਿਕ ਬਿੰਬ ਪੇਸ਼ ਕਰਦੀ ਹੈ। ਅੰਮ੍ਰਿਤਾ ਤੋਂ ਬਾਅਦ ਅਜੀਤ ਕੌਰ ਸ਼ਹਿਰੀ ਔਰਤ ਦੀ ਸਥਿਤੀ ਨੂੰ ਪੇਸ਼ ਕਰਦੀ ਹੈ। ਉਸਦੀਆਂ ਕਹਾਣੀਆਂ ਵਿਚਲੀ ਔਰਤ ਆਪਣੀ ਹੋਂਦ ਤੇ ਬਰਾਬਰੀ ਲਈ ਤਾਂਘਦੀ ਹੈ। ਅਜੀਤ ਕੌਰ ਦੀਆਂ ਕੁਝ ਕਹਾਣੀਆਂ ਮਰਦ-ਵਿਰੋਧੀ ਸੁਰ ਪੇਸ਼ ਕਰਦੀਆਂ ਇਸ ਨੁਕਤੇ ਨੂੰ ਉਘਾੜਦੀਆਂ ਹਨ ਕਿ ਔਰਤ ਮਰਦ ਦੀ ਨਜ਼ਰ ਵਿਚ ਫ਼ਾਲਤੂ ਔਰਤ ਹੈ। ਦਲੀਪ ਕੌਰ ਟਿਵਾਣਾ ਔਰਤ ਦਾ ਪ੍ਰੰਪਰਿਕ ਬਿੰਬ ਪੇਸ਼ ਕਰਦੀ ਹੋਈ ਪੇਂਡੂ ਸਭਿਆਚਾਰ ਵਿਚ ਵਿਚਰਦੀ ਔਰਤ ਦੀ ਪੀੜਾ ਨੂੰ ਪੇਸ਼ ਕਰਦੀ ਹੈ। ਉਸਦੀਆਂ ਕਹਾਣੀਆਂ ਵਿਚਲੀ ਨਾਰੀ ਪਾਤਰ ਰਵਾਇਤੀ ਮਰਿਯਾਦਾ ਨੂੰ ਕਾਇਮ ਰੱਖਦੀ ਹੋਈ

ਮਾਨਸਿਕ, ਦੇਹਿਕ ਸੰਤਾਪ ਭੋਗਣ ਲਈ ਮਜ਼ਬੂਰ ਹੁੰਦੀ ਹੈ। ਇਨ੍ਹਾਂ ਕਥਾਕਾਰਾਂ ਤੋਂ ਇਲਾਵਾ ਸੁਖਵੰਤ ਕੌਰ ਮਾਨ, ਬਚਿੰਤ ਕੌਰ, ਵੀਨਾ ਵਰਮਾ ਆਦਿ ਕਥਾਕਾਰਾਂ ਨੇ ਔਰਤ ਮਨ ਦੀਆਂ ਵੇਦਨਾਵਾਂ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ।

ਵਰਤਮਾਨ ਪੰਜਾਬੀ ਕਹਾਣੀ ਨੂੰ ਨਾਰੀਵਾਦ ਦੇ ਪ੍ਰਸੰਗ ਤੋਂ ਵੇਖੀਏ ਤਾਂ ਇਹ ਕਹਾਣੀ ਨਾਰੀ ਮਨ ਦੀ ਸੰਵੇਦਨਾ ਤੇ ਸਮਰੱਥਾ ਨੂੰ ਗਹਿਰਾਈ ਨਾਲ ਪਕੜਦੀ ਹੋਈ ਚੁਣੌਤੀ ਵਜੋਂ ਪੇਸ਼ ਹੋਈ ਹੈ। ਇਸ ਦੌਰ ਦੀ ਕਹਾਣੀ ਨਾਰੀ ਮਨ ਦੀਆਂ ਦਮਿਤ ਇੱਛਾਵਾਂ ਦਾ ਵਰਣਨ ਕਰਦੀ ਹੋਈ ਔਰਤ ਨੂੰ ਆਪਣੀ ਇੱਛਾ ਅਨੁਸਾਰ ਆਪਣੀ ਪਛਾਣ ਬਣਾਉਣ ਵੱਲ ਸੇਧਿਤ ਕਰਦੀ ਹੈ। ਇਹ ਕਹਾਣੀ ਇਸ ਤੱਥ ਦੀ ਨਿਸ਼ਾਨਦੇਹੀ ਕਰਦੀ ਹੈ ਕਿ ਪੜ੍ਹੀ ਲਿਖੀ ਔਰਤ ਹੁਣ ਆਪਣੇ ਮਾਨਵੀਂ ਹੱਕਾਂ ਪ੍ਰਤੀ ਚੇਤੰਨ ਹੋ ਗਈ ਹੈ, ਉਸਨੂੰ ਸਮਾਜਕ ਮਰਿਆਦਾ ਦੇ ਗਲਬੇ ਹੇਠ ਦਬਾਇਆ ਨਹੀਂ ਜਾ ਸਕਦਾ। ਵਰਤਮਾਨ ਦੌਰ ਵਿਚ ਕਾਰਜਸ਼ੀਲ ਨਾਰੀ ਕਹਾਣੀਕਾਰਾਂ, ਜਿਹਨਾਂ ਵਿਚ ਸਰਘੀ, ਤਰਸਪਾਲ ਕੌਰ, ਤ੍ਰਿਪਤਾ ਕੇ ਸਿੰਘ, ਦੀਪਤੀ ਬਬੂਟਾ ਆਦਿ ਪ੍ਰਮੁੱਖ ਹਨ, ਦੀਆਂ ਕਹਾਣੀਆਂ ਵਿਚ ਨਵ-ਨਾਰੀਵਾਦ ਦੀ ਇਹ ਸੁਰ ਉੱਭਰਵੇਂ ਰੂਪ ਵਿਚ ਸੁਣਾਈ ਦਿੰਦੀ ਹੈ।

ਨਵੀਂ ਪੰਜਾਬੀ ਕਹਾਣੀ ਵਿਚ ਕਹਾਣੀਕਾਰਾ ਸਰਘੀ ਕਿਸੇ ਜਾਣ-ਪਛਾਣ ਦੀ ਮੁਥਾਜ ਨਹੀਂ ਹੈ। ਉਹ ਆਪਣੇ ਪਹਿਲੇ ਕਹਾਣੀ ਸੰਗ੍ਰਿਹ **ਆਪਣੇ ਆਪਣੇ ਮਰਸੀਏ** ਨਾਲ ਹੀ ਕਾਫ਼ੀ ਚਰਚਿਤ ਹੋਈ ਹੈ। ਇਸ ਸੰਗ੍ਰਹਿ ਵਿਚਲੀ ਕਹਾਣੀ 'ਆਫ਼ਟਰ ਫੋਰਟੀ' ਪੰਜਾਬੀ ਕਹਾਣੀ ਵਿਚ ਪੇਸ਼ ਨਵ-ਨਾਰੀਵਾਦ ਦੀ ਪੁਖਤਾ ਮਿਸਾਲ ਹੈ। ਸਰਘੀ ਆਪਣੀ ਇਸ ਕਹਾਣੀ ਵਿਚ ਔਰਤ ਮਨ ਦੀਆਂ ਉਹਨਾਂ ਪਰਤਾਂ ਨੂੰ ਫਰੋਲਦੀ ਹੈ ਜਿਹਨਾਂ ਨੂੰ ਉਹ ਹੁਣ ਤਕ ਆਪਣੇ ਹਉਕੇ, ਹਾਵਿਆਂ ਤੇ ਸਮਝੌਤਿਆਂ ਪਿੱਛੇ ਦਬਾਈ ਰੱਖਦੀ ਸੀ। ਇਕੀਵੀਂ ਸਦੀ ਦੀ ਬੇਬਾਕ ਅਤੇ ਬੋਲਡ ਨਾਰੀ ਹੁਣ ਸਮਝੌਤਾ ਨਹੀਂ, ਸਗੋਂ ਅੰਬਰੀਂ ਪਰਵਾਜ਼ ਭਰਨ ਦੀ ਚਾਹਵਾਨ ਹੈ ਅਤੇ ਆਪਣੇ ਢੰਗ ਤਰੀਕੇ ਨਾਲ ਆਪਣੇ ਦਮ 'ਤੇ ਜ਼ਿੰਦਗੀ ਜਿਉਣਾ ਚਾਹੁੰਦੀ ਹੈ। ਇਸ ਕਹਾਣੀ ਦੀ ਪਾਤਰ ਦੀਪ ਆਪਣੀ ਸਵੈ-ਹੋਂਦ ਜਤਾਉਂਦੀ ਹੋਈ ਰੁਦਨ ਤੇ ਹਉਕਿਆਂ ਭਰੀ ਜ਼ਿੰਦਗੀ ਦੀ ਥਾਂ ਪਿੱਤਰੀ ਸੱਤਾ ਦੀਆਂ ਕੰਧਾਂ ਨੂੰ ਢਾਹ ਆਪਣੀਆਂ ਸ਼ਰਤਾਂ 'ਤੇ ਜੀਵਨ ਬਤੀਤ ਕਰਨ ਵੱਲ ਅਹੁਲਦੀ ਹੋਈ ਤਰਸ ਦੀ ਪਾਤਰ ਬਣਨ ਤੋਂ ਇਨਕਾਰੀ ਹੋ ਜਾਂਦੀ ਹੈ :

> ਬਿਲਕੁਲ ਕਿਰਨ... ਮੈਂ ਹੁਣ ਆਪਣੇ ਵਰਗਾ ਜੀਣਾ ਹੈ.... ਆਪਣੇ ਆਪ ਨੂੰ ਖੰਭ ਲਾ ਅਸਮਾਨ 'ਤੇ ਉੱਡਣਾ ਹੈ। ਸੁਪਨੇ ਹਰ ਉਮਰ 'ਚ ਲਏ ਜਾ ਸਕਦੇ ਹਨ... ਸੁਪਨੇ ਹਰ ਉਮਰ 'ਚ ਪੂਰੇ ਕੀਤੇ ਜਾ ਸਕਦੇ ਹਨ।[6]

ਇਸ ਕਹਾਣੀ ਵਿਚਲੀਆਂ ਤਿੰਨੇ ਸਹੇਲੀਆਂ ਆਪਣੇ ਗ੍ਰਹਿਸਥੀ ਜੀਵਨ ਤੋਂ ਦੁਖੀ ਹਨ ਪਰ ਨਿਰਾਸ਼ ਨਹੀਂ। ਉਹ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜਿਉਣ ਦਾ ਰਸਤਾ ਚੁਣਦੀਆਂ ਹਨ। ਪਿੱਤਰੀ ਸੱਤਾ ਦੀਆਂ ਜ਼ਿਆਦਤੀਆਂ ਨੂੰ ਝੇਲਣ ਦੀ ਬਜਾਏ ਮੋੜਵਾਂ ਜਵਾਬ ਦੇਣ ਲਈ ਮਾਨਸਿਕ ਤੌਰ 'ਤੇ ਵੀ ਤਿਆਰ ਹਨ। ਇਸੇ ਸੰਗ੍ਰਹਿ ਦੀਆਂ ਕਹਾਣੀਆਂ 'ਰਾਡ', 'ਰਬਾਬੀ', 'ਹੌਂਟਡ ਹਾਊਸ' ਨਾਰੀ ਮਨ ਦੀਆਂ ਵਿਭਿੰਨ ਅੰਤਰੀਵੀ ਪਰਤਾਂ ਨੂੰ ਫਰੋਲਣ ਦੇ ਨਾਲ ਨਾਲ ਔਰਤ/ਮਰਦ ਦੇ ਸਾਵੇਂ ਸਬੰਧਾਂ ਦੀ ਪੇਸ਼ਕਾਰੀ ਕਰਦੀਆਂ ਹਨ।

21ਵੀਂ ਸਦੀ ਦੀ ਇਕ ਹੋਰ ਚਰਚਿਤ ਕਥਾਕਾਰਾ ਦੀਪਤੀ ਬਬੂਟਾ ਹੈ। ਦੀਪਤੀ ਬਬੂਟਾ ਸਮਾਜਕ ਤੌਰ 'ਤੇ ਚੇਤੰਨ ਅਤੇ ਸੰਵੇਦਨਸ਼ੀਲ ਕਹਾਣੀਕਾਰਾ ਹੈ ਜਿਸ ਨੇ ਆਪਣੀਆਂ ਕਹਾਣੀਆਂ ਵਿਚ ਮੱਧਵਰਗੀ ਅਤੇ ਨਿਮਨ ਵਰਗੀ ਨਾਰੀ ਪਾਤਰਾਂ ਦੇ ਮਨੋ ਸਮਾਜਕ ਸੰਕਟਾਂ ਨੂੰ ਨਾਰੀਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਦੀਪਤੀ ਦੀਆਂ ਕਹਾਣੀਆਂ ਦੇ ਪਾਸਾਰ ਬੜੇ ਵਿਸ਼ਾਲ ਹਨ। ਉਹ ਆਪਣੀਆਂ ਕਹਾਣੀਆਂ ਰਾਹੀਂ ਜਿਥੇ ਔਰਤ ਦੇ ਹੋਂਦਮੁਖੀ ਸੁਆਲਾਂ ਨੂੰ ਮੁਖਾਤਿਬ ਹੁੰਦੀ ਹੈ ਉਥੇ ਮਨੁੱਖੀ ਸਬੰਧਾਂ ਦੀਆਂ ਜਟਿਲਤਾਵਾਂ ਨੂੰ ਉਹਨਾਂ ਦੇ ਸਮਾਜਕ, ਮਾਨਸਿਕ ਅਤੇ ਸਾਂਸਕ੍ਰਿਤਿਕ ਪਰਿਪੇਖ ਵਿਚ ਸਮਝਣ ਅਤੇ ਸਿਰਜਣ ਦੀ ਚੇਸ਼ਠਾ ਵਿਚ ਹੈ। ਪੰਜਾਬੀ ਨਾਰੀ ਕਹਾਣੀਕਾਰਾਂ ਵਿਚ ਦੀਪਤੀ ਦੀ ਵਿਲੱਖਣਤਾ ਇਹ ਹੈ ਕਿ ਉਹ ਨਾਰੀ ਨੂੰ ਉਪਭਾਵੁਕ ਤੇ ਉਲਾਰ ਰੂਪ ਵਿਚ ਨਾ ਲੈ ਕੇ ਇਕ ਖ਼ੁਦਦਾਰ ਔਰਤ ਦਾ ਬਿੰਬ ਪੇਸ਼ ਕਰਨ ਦੇ ਆਹਰ ਵਿਚ ਹੈ। ਇਸ ਪੱਖੋਂ ਉਸਦੀ ਕਹਾਣੀ 'ਵਸ਼ੀਕਰਨ' ਦੇਖੀ ਜਾ ਸਕਦੀ ਹੈ।

ਇਹ ਕਹਾਣੀ ਔਰਤ ਦੀ ਪਛਾਣ ਤੇ ਵਜੂਦ ਦੇ ਮੁੱਦੇ ਦੁਆਲੇ ਕੇਂਦਰਿਤ ਹੈ। ਇਸ ਕਹਾਣੀ ਦੀ ਪਾਤਰ ਸੰਗੀਤਾ ਮੱਧਵਰਗੀ ਪਰਿਵਾਰ ਨਾਲ ਸਬੰਧਿਤ ਹੈ, ਜਿਸਦੇ ਜੀਵਨ ਉੱਪਰ ਵਿਆਹ ਤੋਂ ਪਹਿਲਾ ਪਿਤਾ ਅਤੇ ਵਿਆਹ ਤੋਂ ਬਾਅਦ ਪਤੀ ਦਾ ਅਧਿਕਾਰ ਹੈ। ਉਸਦਾ ਪਤੀ ਤਹਿਸੀਲਦਾਰ ਹੈ, ਜਿਸਦਾ ਚੰਗਾ ਰਸੂਖ਼ ਹੈ, ਪਰ ਸੰਗੀਤਾ ਮਾਨਸਿਕ ਤੌਰ 'ਤੇ ਪਰੇਸ਼ਾਨ ਹੈ। ਇਸ ਪ੍ਰੇਸ਼ਾਨੀ ਦਾ ਕਾਰਨ ਇਹ ਹੈ ਕਿ ਉਸਨੂੰ ਜੋ ਵੀ ਸੁੱਖ ਸਹੂਲਤ ਪ੍ਰਾਪਤ ਹੈ ਉਸ ਪਿੱਛੇ ਉਸਦੇ ਪਤੀ ਦਾ ਨਾਮ ਅਤੇ ਅਹੁਦਾ ਹੈ। ਜ਼ਿੰਦਗੀ ਵਿਚ ਉਸਨੂੰ ਸੰਪੂਰਨ ਨਾਂ-ਥਾਂ ਨਹੀਂ


**www.sanvad.org**
ISSN : 2395-1273

ਮਿਲਿਆ ਅਤੇ ਉਸਦੇ ਗੌਰਵਸ਼ੀਲ ਆਪੇ ਨੂੰ ਪਤੀ ਦੇ ਰੁਤਬੇ ਥੱਲੇ ਦਬਾ ਦਿੱਤਾ ਗਿਆ। ਆਪਣੇ ਪਤੀ ਦੇ ਸਟੇਟਸ ਤੋਂ ਪਛਾਣੇ ਜਾਣ ਕਰਕੇ ਉਸਨੂੰ ਆਪਣੀ ਹੋਂਦ ਗਵਾਚੇ ਹੋਣ ਦਾ ਅਹਿਸਾਸ ਹੁੰਦਾ ਹੈ। ਕਹਾਣੀ ਦੇ ਅਖੀਰ ਵਿਚ ਸੰਗੀਤਾ ਆਪਣੇ ਬੇਟੇ ਨਾਲ ਗੱਲ ਕਰਦੀ ਹੋਈ ਆਪਣੀ ਸਵੈ-ਪਛਾਣ ਮਹਿਸੂਸ ਕਰਾਉਂਦੀ ਹੈ :

> ਇੰਡੀਅਨ ਕਾਫ਼ੀ ਹਾਊਸ ਬੇਟੇ।
> ਅਭਿਜੀਤ ਸਰ ਨਾਲ ਹੋ ?
> ਨਹੀਂ, ਸੰਗੀਤਾ ਨਾਲ।[7]

ਸਮਕਾਲੀ ਪੰਜਾਬੀ ਕਹਾਣੀ ਵਿਵਰਜਿਤ ਮਾਪਦੰਡਾਂ ਤੋਂ ਅਗਾਂਹ ਜਾ ਕੇ ਔਰਤ ਮਰਦ ਦੀਆਂ ਅੰਤਰੀਵੀਂ ਭਾਵਨਾਵਾਂ ਨੂੰ ਨਿਰਸੰਕੋਚ ਰੂਪ ਵਿਚ ਪੇਸ਼ ਕਰਦੀ ਹੈ। ਇਸ ਪ੍ਰਸੰਗ ਵਿਚ ਸਰਬਜੀਤ ਕੌਰ ਸੋਹਲ ਦੀਆਂ ਕਹਾਣੀਆਂ ਵਿਸ਼ੇਸ਼ ਤੌਰ ’ਤੇ ਵੇਖੀਆਂ ਜਾ ਸਕਦੀਆਂ ਹਨ। ਡਾ. ਸਰਬਜੀਤ ਕੌਰ ਸੋਹਲ ਨਾਰੀਵਾਦੀ ਚਿੰਤਨ ਵਿਚ ਨਾਰੀ ਦੀ ਮਰਦ ਸਮਾਨ ਹੋਂਦ ਤੇ ਹੱਕਾਂ ਦੀ ਖੁੱਲ ਕੇ ਵਕਾਲਤ ਕਰਨ ਵਾਲੀ ਦਲੇਰ ਤੇ ਬੇਬਾਕ ਕਹਾਣੀਕਾਰਾ ਹੈ ਜੋ ਆਪਣੀਆਂ ਲਿਖਤਾਂ ਰਾਹੀਂ ਔਰਤ ਮਰਦ ਨੂੰ ਸਮਾਨ ਧਰਾਤਲ ’ਤੇ ਖੜਾ ਕਰਨ ਦੇ ਆਹਰ ਵਿਚ ਹੈ। ਸਰਬਜੀਤ ਕੌਰ ਸੋਹਲ ਦੀ ਕਹਾਣੀ ‘ਮੈਨੂੰ ਬੰਦਾ ਪਸੰਦ ਏ’ ਸਮਲਿੰਗੀ ਸਬੰਧਾਂ ਦੀ ਪੇਸ਼ਕਾਰੀ ਰਾਹੀਂ ਇਕ ਨਵੀਂ ਸੋਚ ਨੂੰ ਉਭਾਰਦੀ ਹੈ। ਸੋਹਲ ਆਪਣੀਆਂ ਕਹਾਣੀਆਂ ਰਾਹੀਂ ਪੁਰਾਣੇ ਸਥਾਪਿਤ ਮਾਪਦੰਡਾਂ ਨੂੰ ਚੁਣੌਤੀ ਦਿੰਦੀ ਹੋਈ ਨਵੇਂ ਨਿਡਰ ਵਿਚਾਰਾਂ ਤੇ ਸਥਾਪਨਾਵਾਂ ਨੂੰ ਕਾਇਮ ਕਰਦੀ ਹੈ। ਉਸਦੀਆਂ ਕਹਾਣੀਆਂ ਵਿਚਲੀ ਔਰਤ ਗਰਜਾਂ ਤੇ ਫਰਜਾਂ ਭਰੀ ਜ਼ਿੰਦਗੀ ਤੋਂ ਮੁਕਤ ਸਾਹਸੀ ਹੋ ਕੇ ਵਿਚਰਦੀ ਹੈ। ‘ਮੈਨੂੰ ਬੰਦਾ ਪਸੰਦ ਏ’ ਕਹਾਣੀ ਵਿਚਲੀ ਮੁੱਖ ਪਾਤਰ ਦਾ ਪਤੀ ਵਧੇਰੇ ਪੈਸਾ ਕਮਾਉਣ ਦੇ ਲਾਲਚ ਵਿਚ ਆਪਣੀ ਪਤਨੀ ਦੀਆਂ ਜਿਨਸੀ ਲੋੜਾਂ ਨੂੰ ਨਜ਼ਰ-ਅੰਦਾਜ਼ ਕਰਦਾ ਹੈ ਤੇ ਉਹ ਮਾਨਸਿਕ ਤੌਰ ’ਤੇ ਪਰੇਸ਼ਾਨ ਹੁੰਦੀ ਹੈ ਅਤੇ ਆਪਣੀ ਬਚਪਨ ਦੀ ਸਹੇਲੀ ਸ਼ਾਰਦਾ ਕੋਲ ਕਨੇਡਾ ਚਲੀ ਜਾਂਦੀ ਹੈ। ਤਲਾਕ ਹੋਣ ਤੋਂ ਬਾਅਦ ਸ਼ਾਰਦਾ ਅਜਿਹੀਆਂ ਸਥਿਤੀਆਂ ਵਿਚੋਂ ਨਿਕਲ ਚੁੱਕੀ ਹੈ। ਉਹ ਆਪਣੀ ਬੇਟੀ ਨਾਲ ਇਕੱਲੀ ਵਿਦੇਸ਼ ਰਹਿੰਦੀ ਹੈ। ਕਹਾਣੀ ਦੀ ਮੁੱਖ ਪਾਤਰ ਤੇ ਉਸਦੀ ਸਹੇਲੀ ਸ਼ਾਰਦਾ ਸਰੀਰਕ ਤੇ ਮਾਨਸਿਕ ਲੋੜਾਂ ਪੂਰੀਆਂ ਕਰਨ ਲਈ ਹਮ-ਬਿਸਤਰ ਹੁੰਦੀਆਂ ਹਨ। ਆਪਣੀ ਜਿਨਸੀ ਲੋੜ ਦੀ ਪੂਰਤੀ ਲਈ ਜੈਂਡਰ ਦੀ ਸਥਾਪਿਤ ਸਮਾਜਕ ਮਰਯਾਦਾ ਦੇ ਉਲਟ ਸਮਲਿੰਗੀ ਸਬੰਧ ਬਣਾਉਂਦੀਆਂ ਹਨ। ਇਨ੍ਹਾਂ ਸਬੰਧਾਂ ਪ੍ਰਤੀ ਬਣੇ ਟੈਬੂਜ਼ ਅਤੇ ਸੋਚ ਨੂੰ ਨਕਾਰਦੀਆਂ ਹਨ। ਇਸ ਸਮਲਿੰਗੀ ਰਿਸ਼ਤੇ ਵਿਚੋਂ ਜੋ ਅਨੰਦ ਅਨੁਭਵ ਹੁੰਦਾ ਹੈ ਉਹ ਪੁਰਸ਼ ਸਬੰਧਾਂ ਤੋਂ ਵੱਖਰਾ ਹੈ, ਜਿਸ ਵਿਚ ਕਿਸੇ ਕਿਸਮ ਦਾ ਕੋਈ ਗਿਲਾਨੀ ਜਾਂ ਆਤਮ ਦੋਸ਼ ਦਾ ਭਾਵ ਨਹੀਂ ਸਗੋਂ ਸੰਪੂਰਨ ਆਨੰਦ ਦਾ ਅਹਿਸਾਸ ਸੀ। ਕਹਾਣੀ ਬੇਸ਼ੱਕ ਦੇਹ ਦੇ ਸੱਚ ਦੀ ਵਕਾਲਤ ਕਰਦੀ ਹੋਈ ਇਸ ਦੀਆਂ ਲੋੜ੍ਹਾਂ ਦੀ ਸਹੀ ਢੰਗ ਨਾਲ ਪੂਰਤੀ ਨਾ ਹੋਣ ਦੀ ਸਥਿਤੀ ਵਿਚ ਇਨ੍ਹਾਂ ਨੂੰ ਅਣਉਚਿਤ ਰੂਪ ਵਿਚ ਪੂਰਾ ਕਰਨ ਦਾ ਪ੍ਰਵਚਨ ਸਿਰਜਦੀ ਹੈ ਪਰ ਡੂੰਘ ਅਰਥਾਂ ਵਿਚ ਕਹਾਣੀ ਵਿਚਲੀ ਔਰਤ ਅਜਿਹੇ ਪਤੀ ਪਤਨੀ ਸਬੰਧਾਂ ਨੂੰ ਕਾਇਮ ਕਰਨਾ ਚਾਹੁੰਦੀ ਹੈ, ਜੋ ਬਿਨ੍ਹਾਂ ਕਿਸੇ ਫਰਜ਼ ਤੋਂ ਬੋਝ ਰਹਿਤ ਅਤੇ ਜੈਂਡਰ ਤੋਂ ਉੱਪਰ ਉੱਠ ਕੇ ਭਾਵਨਾਵਾਂ, ਅਹਿਸਾਸਾਂ ਭਰਪੂਰ ਹੋਣ। ਇਸਦੀ ਸਪੱਸ਼ਟਤਾ ਉਸਦੀ ਵਾਰਤਾਲਾਪ ਤੋਂ ਹੋ ਜਾਂਦੀ ਹੈ :

> ਇਹ ਕਿਹਾ ਪਿਆਰ ਸੀ ਕੇ ਜਿਸ ਵਿਚੋਂ ਜੈਂਡਰ ਦੀ ਹੋਂਦ ਹੀ ਮਨਫ਼ੀ ਹੋ ਗਈ ਸੀ। ਸਾਰੀਆਂ ਕਮੀਆਂ ਪੇਸ਼ੀਆਂ ਸਮੇਤ ....ਇਕ ਦੂਜੇ ਪ੍ਰਤੀ ਮੁਹੱਬਤਮੁੱਖਤਾ...ਅਨਕਨਡੀਸ਼ਨਲ ਲਵ... ।[8]

ਇਸ ਨਾਲ ਪਤੀ ਪਤਨੀ ਦੇ ਸਬੰਧਾਂ ਵਿਚਲੀ ਇਕਸਾਰਤਾ ਤਾਂ ਟੁੱਟਦੀ ਹੈ, ਪਰ ਅਜਿਹੀ ਮਨੋ-ਵਿਗਿਆਨਕ ਜੁਗਤ ਨਾਲ ਪਤੀ ਪਤਨੀ ਦੇ ਸਬੰਧਾਂ ਵਿਚਲਾ ਇਕ ਦੂਜੇ ਦੀ ਮੌਜੂਦਗੀ ਦਾ ਅਹਿਸਾਸ ਪੈਦਾ ਹੋ ਜਾਂਦਾ ਹੈ। ਕਥਾਕਾਰਾ ਕਹਾਣੀ ਦੇ ਅਖੀਰ ਵਿਚ ਔਰਤ ਮਰਦ ਵਿਚਕਾਰ ਜਿਨਸੀ ਸਬੰਧਾਂ ਦੀ ਸੁਭਾਵਿਕ ਪੂਰਤੀ ਦਾ ਗਲਪੀ ਵਿਵੇਕ ਸਿਰਜਦੀ ਲਿਖਦੀ ਹੈ-

> ਸ਼ਾਰਦਾ ਦਾ ਫੋਨ ਆਉਂਦਾ ਹੈ, ਮੈਂ ਉਸਨੂੰ ਦੱਸਦੀ ਹਾਂ, “ਰਾਤ ਮੈਂ ਸੁਧੀਰ ਨਾਲ ਸੁੱਤੀ ਸਾਂ। ਤੇ ਪਤਾ ਕੀ .. ਪਹਿਲੀ ਵਾਰ ਮੈਂ ਮੌਜੂਦ ਸਾਂ।
> ਮੈਂ ਸੋਚ ਰਹੀਂ ਸਾਂ .. ਆਪਣੇ ਆਪ ਨੂੰ ਤਸੱਲੀ ਦੇ ਰਹੀਂ ਸਾਂ .. ਹਾਂ, ਵਾਕੇ ਹੀ .. ਮੈਨੂੰ ਬੰਦਾ ਪਸੰਦ ਏ .. ।[9]

ਸਮਕਾਲੀ ਨਾਰੀ ਕਹਾਣੀ ਵਿਚਲੀ ਇਹ ਨਾਰੀ ਪਾਤਰ ਆਪਣੀ ਹੋਂਦ ਜਤਾਉਂਦੀ ਪਿਤਰਕੀ ਵਲਗਣਾ ਤੋਂ ਬਾਹਰ ਆ ਕੇ ਘਰ ਵਿਚ ਆਪਣੀ ਬਰਾਬਰੀ ਵਾਲੀ ਸਪੇਸ ਬਣਾਉਣਾ ਚਾਹੁੰਦੀ ਹੈ।

ਇਸ ਦੌਰ ਦੀ ਕਹਾਣੀਕਾਰਾ ਤ੍ਰਿਪਤਾ ਕੇ ਸਿੰਘ ਦੀਆਂ ਕਹਾਣੀਆਂ ਵੀ ਔਰਤ ਮਰਦ ਦੇ ਸਾਵੇਂ ਸਬੰਧਾਂ ਦੀ

ਬਾਤ ਪਾਉਂਦੀਆਂ ਹਨ। ਉਸਦੀਆਂ ਕਹਾਣੀਆਂ ਦੇ ਔਰਤ/ਮਰਦ ਪਾਤਰ ਦੋਵੇਂ ਹੀ ਇਕ ਦੂਜੇ ਉੱਪਰ ਹਾਵੀ ਨਹੀਂ ਸਗੋਂ ਇਕ ਦੂਜੇ ਦੇ ਸਾਥੀ ਹਨ। ਤ੍ਰਿਪਤਾ ਕੇ ਸਿੰਘ ਦੀਆਂ ਕਹਾਣੀਆਂ ਵਿਚਲੀ ਔਰਤ ਪਾਤਰ ਰਿਸ਼ਤਿਆਂ ਦੀ ਅਹਿਮੀਅਤ ਸਮਝਣ ਦੇ ਨਾਲ-ਨਾਲ ਆਪਣੀ ਗੱਲ ਕਹਿਣ ਦੀ ਹਿੰਮਤ ਵੀ ਰੱਖਦੀ ਹੈ। ਇਹ ਔਰਤ ਬੇਸ਼ੱਕ ਪਰਾਏ ਮਰਦਾਂ ਨਾਲ ਦੋਸਤੀ ਵੀ ਕਰਦੀ ਹੈ ਪਰ ਉਸਨੂੰ ਆਪਣੀਆਂ ਹੱਦਾਂ ਦਾ ਪਤਾ ਹੈ। ਤ੍ਰਿਪਤਾ ਦੀਆਂ ਕਹਾਣੀਆਂ 'ਜਿੱਤੀ ਹੋਈ ਬਾਜੀ' 'ਜਾਇਆ ਵੱਡੀ' 'ਮਰੀਆਂ ਹੋਈਆਂ ਮਛਲੀਆਂ', 'ਇਕ ਦਿਨ' ਇਸ ਪੱਖੋਂ ਵੇਖੀਆਂ ਜਾ ਸਕਦੀਆਂ ਹਨ। ਨਾਰੀਵਾਦ ਦੇ ਇਕ ਪੜਾਅ 'ਤੇ ਔਰਤ ਦੀ ਜਨਣ ਪ੍ਰਕਿਰਿਆ ਨੂੰ ਔਰਤ ਦੀ ਤਰੱਕੀ ਦੇ ਰਸਤੇ ਵਿਚ ਵਿਘਨ ਜਾਂ ਔਰਤ ਦੇ ਮਰਦ ਨਾਲੋਂ ਸਰੀਰਿਕ ਤੌਰ 'ਤੇ ਕਮਜ਼ੋਰ ਹੋਣ ਦਾ ਕਾਰਨ ਮੰਨਿਆ ਗਿਆ, ਪਰ ਉਤਰ ਆਧੁਨਿਕ ਦੌਰ ਦੇ ਨਾਰੀਵਾਦ ਨੇ ਔਰਤ ਦੇ ਜਨਣ ਅਧਿਕਾਰ ਨੂੰ ਉਸਦੀ ਵਿਲੱਖਣਤਾ ਦੇ ਗੁਣ ਵਜੋਂ ਸਵੀਕਾਰ ਕੀਤਾ ਹੈ। ਜੂਲੀਆ ਕ੍ਰਿਸਤੀਵਾ ਅਨੁਸਾਰ,

> ਬਾਲ ਜੰਮਣ ਦਾ ਅਨੁਭਵ ਨਾਰੀ ਦੀ ਸਿਰਜਨਾਤਮਕ ਵਿਸ਼ੇਸ਼ਤਾ ਹੈ, ਜਿਸ ਵਿਚ ਖ਼ੁਸ਼ੀ/ਦੁੱਖ/ ਖ਼ੂਨ ਜੀਵਨ ਸਭ ਇਕੱਠੇ ਇਕ ਫਲੈਸ਼ ਵਿਚ ਆਉਂਦੇ ਹਨ।[10]

ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਬਿਨਾਂ ਧੁੱਪ ਪਰਛਾਵੇਂ' ਦੀ ਨਾਰੀ ਪਾਤਰ ਵਸੁਧਾ ਔਲਾਦ ਦੀ ਅਣਹੋਂਦ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਜਾਂਦੀ ਹੈ। ਵਸੁਧਾ ਤੇ ਸੁਧੀਰ ਪਿਆਰ ਵਿਆਹ ਦੇ ਰਿਸ਼ਤੇ ਵਿਚ ਬੱਝ ਜਾਂਦੇ ਹਨ ਪਰ ਉਹਨਾਂ ਨੂੰ ਔਲਾਦ ਦਾ ਸੁੱਖ ਪ੍ਰਾਪਤ ਨਹੀਂ ਹੁੰਦਾ, ਜਿਸ ਕਾਰਨ ਵਸੁਧਾ ਫਾਲਸ ਪ੍ਰੈਗਨੈਂਸੀ ਨੂੰ ਅਸਲ ਮੰਨ ਕੇ ਮਾਨਸਿਕ ਤੌਰ 'ਤੇ ਰੋਗੀ ਹੋ ਜਾਂਦੀ ਹੈ। ਇਹ ਕਹਾਣੀ ਇਸ ਤੱਥ ਨੂੰ ਸਾਹਮਣੇ ਲੈ ਕੇ ਆਉਂਦੀ ਹੈ ਕਿ ਅਜੋਕੀ ਔਰਤ ਬਾਲ ਜੰਮਣ ਦੀ ਚਾਹਤ ਤੋਂ ਮੁਨਕਰ ਨਹੀਂ ਹੈ ਬਲਕਿ ਉਹ ਅਜਿਹਾ ਸੁੱਖ ਪ੍ਰਾਪਤ ਕਰਨਾ ਚਾਹੁੰਦੀ ਹੈ।

> ਮੇਰਾ ਬੱਚਾ ਕਿੱਥੇ ਹੈ, ਉਹ ਠੀਕ ਤਾਂ ਹੈ ਨਾ ?" ਵਸੁਧਾ ਬੇਚੈਨੀ ਨਾਲ ਆਲਾ ਦੁਆਲਾ ਦੇਖ ਰਹੀ ਸੀ। ਤਾਰਾ ਫਟਾ-ਫੱਟ ਦੂਸਰੇ ਕਮਰੇ ਵਿਚ ਗਈ ਤੇ ਉਸ ਨੇ ਕੱਪੜਿਆਂ ਵਿਚ ਲਿਪਟਿਆ ਇਕ ਪਲਾਸਟਿਕ ਦਾ ਗੁੱਡਾ (ਜੋ ਕਿ ਉਹ ਕਲ੍ਹ ਦਵਾਈ ਲੈਣ ਗਈ ਖਰੀਦ ਲਿਆਈ ਸੀ) ਲਿਆ ਕੇ ਵਸੁਧਾ ਦੀ ਝੋਲੀ ਵਿਚ ਰੱਖ ਦਿੱਤਾ।[11]

ਇਓਂ ਸਮਕਾਲ ਵਿਚ ਰਚੀ ਜਾ ਰਹੀ ਕਹਾਣੀ ਨਾਰੀ ਮਨ ਦੀਆਂ ਵਿਭਿੰਨ ਸਥਿਤੀਆਂ ਨੂੰ ਸਮਝਣ ਤੇ ਪੇਸ਼ ਕਰਨ ਵਿਚ ਨਵੇਂ ਆਯਾਮ ਸਿਰਜ ਰਹੀ ਹੈ। ਇਕੀਵੀਂ ਸਦੀ ਦੀ ਕਹਾਣੀ ਸਿਰਫ਼ ਔਰਤ ਜਾਂ ਮਰਦ ਤਕ ਸੀਮਤ ਨਹੀਂ ਹੈ ਸਗੋਂ ਸਮੁੱਚੀ ਮਾਨਵੀਂ ਹੋਂਦ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਸ ਕਹਾਣੀ ਵਿਚਲੀ ਔਰਤ ਮਰਦ ਦੇ ਸਾਹਵੇਂ ਬਰਾਬਰ ਦੀ ਧਿਰ ਬਣ ਕੇ ਪੇਸ਼ ਹੋ ਰਹੀ ਹੈ, ਜੋ ਕਿ ਆਰਥਿਕ, ਸਮਾਜਕ, ਰਾਜਨੀਤਕ ਆਦਿ ਖੇਤਰਾਂ ਵਿਚ ਆਪਣੀ ਵੱਖਰੀ ਪਛਾਣ ਸਥਾਪਿਤ ਕਰਦੀ ਨਜ਼ਰ ਆਉਂਦੀ ਹੈ।

## ਹਵਾਲੇ ਤੇ ਟਿੱਪਣੀਆਂ


1. ਡਾ. ਜਸਵਿੰਦਰ ਸਿੰਘ ਸੈਣੀ (ਮੁੱਖ ਸੰਪਾ.), **ਪੱਛਮੀ ਕਾਵਿ-ਸਿਧਾਂਤ**, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018, ਪੰਨਾ-171.
2. ਡਾ. ਰਾਜਿੰਦਰ ਪਾਲ ਸਿੰਘ, **ਉਤਰ ਆਧੁਨਿਕਤਾ**, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-4
3. **ਉਹੀ**, ਪੰਨਾ-70.
4. ਧਨਵੰਤ ਕੌਰ, "ਨਾਰੀਵਾਦ ਸਾਹਿਤ ਚਿੰਤਨ : ਕੁਝ ਅੰਤਰ ਦ੍ਰਿਸ਼ਟੀਆਂ", ਹਰਿਭਜਨ ਸਿੰਘ ਭਾਟੀਆ (ਸੰਪਾ.), **ਸਾਹਿਤ ਅਧਿਐਨ ਵਿਧੀਆਂ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006, ਪੰਨਾ-204
5. ਸੁਰਜੀਤ ਸਿੰਘ ਭੱਟੀ, **ਵਾਦ ਚਿੰਤਨ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021, ਪੰਨਾ-120
6. ਸਰਘੀ, 'ਆਪਣੇ ਆਪਣੇ ਮਰਸੀਏ', **ਕਹਾਣੀਧਾਰਾ** , ਜੁਲਾਈ-ਸਤੰਬਰ, ਅੰਕ-66, ਪੰਨਾ-31
7. ਦੀਪਤੀ ਬਬੂਟਾ, **ਭੁੱਖ ਇਉਂ ਸਾਹ ਲੈਂਦੀ ਹੈ**, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2022, ਪੰਨਾ-26
8. ਸਰਬਜੀਤ ਕੌਰ ਸੋਹਲ, **ਮੈਨੂੰ ਬੰਦਾ ਪਸੰਦ ਏ**, ਲੋਕਗੀਤ ਪ੍ਰਕਾਸ਼ਨ 2024, ਪੰਨਾ-14
9. **ਉਹੀ**, ਪੰਨਾ 16
10. **ਕਾਵਿ-ਸ਼ਾਸਤਰ**, ਉਤਰਆਧੁਨਿਕਤਾ, ਅੰਕ-11, ਪੰਨਾ-66
11. ਤ੍ਰਿਪਤਾ ਕੇ ਸਿੰਘ, **ਇਕ ਦਿਨ**, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2019, ਪੰਨਾ-56